ੴ

ਗੁਰਬਾਣੀ ਵਿਚਾਰੁ

61

ਸਬਦੁ

ਭਾਗ – ੪

‘ਖੋਜੀ’

ਸਬਦੁ

ਭਾਗ–4

ਸੂਰਜ ਦੀਆਂ ਕਿਰਨਾਂ ਵਿਚ ਸੂਰਜ ਦੇ ਸਾਰੇ ਗੁਣ ਮੌਜੂਦ ਹਨ, ਇਹ —

ਸੱਤ-ਰੰਗ (seven colours)
ਜੀਵਨ-ਰੌ
ਗਰਮੀ
ਪ੍ਰਕਾਸ਼
ਨਿਰਮਲਤਾ, ਆਦਿ

ਦੇ ਗੁਣਾਂ ਦੀਆਂ —

ਅਮਿਤ
ਇਕ ਸਾਰ
ਸਹਜ-ਸੁਭਾਇ
ਸਰਬ-ਵਿਆਪੀ

ਦਾਤਾਂ ਆਦਿ ਤੋਂ ਹੀ, **ਸੂਰਜ ਆਪਣੀਆਂ ਕਿਰਨਾਂ ਦੁਆਰਾ,** ਸਮੁਚੀ ਦੁਨੀਆਂ ਨੂੰ **ਪ੍ਰਦਾਨ ਕਰਦਾ ਰਿਹਾ ਹੈ।**

ਇਸ ਧੁੱਪ ਲਈ ਅਸੀਂ ਕੋਈ —

ਸੋਚ ਨਹੀਂ ਕੀਤੀ,
ਵਿਉਂਤ ਨਹੀਂ ਬਣਾਈ,
ਮੰਗ ਨਹੀਂ ਕੀਤੀ,
ਘਾਲਣਾ ਨਹੀਂ ਘਾਲੀ,
ਕੀਮਤ ਨਹੀਂ ਦਿਤੀ।

ਜਦ ਕਦੀ ਅਸੀਂ ਇਸ ਇਲਾਹੀ ਦਾਤ ਅਥਵਾ **'ਧੁੱਪ' ਤੋਂ ਵਾਂਝੇ ਹੁੰਦੇ ਹਾਂ,** ਤਾਂ ਇਸ ਵਿਚ 'ਧੁੱਪ' ਜਾਂ ਧੁੱਪ ਦੇ ਸੋਮੇ **'ਸੂਰਜ' ਦਾ ਕੋਈ ਦੋਸ਼ ਨਹੀਂ ਹੁੰਦਾ।**

ਜਦ ਅਸੀਂ ਕਿਸੇ ਵਜਾਹ ਨਾਲ **ਧੁੱਪ ਤੋਂ ਓਹਲੇ ਹੋ ਜਾਂਦੇ ਹਾਂ,** ਤਾਂ 'ਧੁੱਪ' ਦੇ **ਸੁਖਦਾਈ ਗੁਣਾਂ ਤੋਂ ਵਾਂਝੇ ਹੋ ਜਾਂਦੇ ਹਾਂ।** ਜਦ ਫੇਰ ਧੁੱਪ ਦੇ ਪ੍ਰਕਾਸ਼ ਵਿਚ ਆਪਣੇ ਆਪ ਨੂੰ **ਪੇਸ਼ ਕਰਦੇ ਹਾਂ** ਤਾਂ ਫਿਰ 'ਧੁੱਪ' ਦਾ ਸੁਖਦਾਈ **ਨਿਘ ਤੇ ਚਾਨਣ ਮਾਣਦੇ ਹਾਂ। ਹਨੇਰੇ ਵਿਚੋਂ ਨਿਕਲ ਕੇ, ਆਪਣੇ ਆਪ ਨੂੰ 'ਧੁੱਪ' ਦੀ ਹਜ਼ੂਰੀ ਵਿਚ 'ਪੇਸ਼' ਕਰਨਾ ਹੀ, ਸਾਡੀ 'ਕਮਾਈ' ਜਾਂ ਯਤਨ ਹੈ।**

ਇਸੇ ਤਰ੍ਹਾਂ, ਜਦ ਅਸੀਂ 'ਸਬਦ-ਸੁਰਤਿ' ਦੀ ਕਮਾਈ ਦੁਆਰਾ **ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦੇ ਹਾਂ,** ਤਾਂ ਸਾਨੂੰ ਅਕਾਲ-ਪੁਰਖ ਦੀਆਂ **ਦੈਵੀ ਦਾਤਾਂ ਸਹਿਜੇ ਹੀ ਪ੍ਰਾਪਤ** ਹੋ **ਜਾਂਦੀਆਂ** ਹਨ। ਇਸ ਤਰ੍ਹਾਂ, **'ਪ੍ਰਕਾਸ਼'** ਤੇ **'ਨਿਘ'** ਨੂੰ **'ਮਾਣਨਾ'** ਯਾ **'ਵਾਂਝੇ ਰਹਿਣਾ',** ਸਾਡੇ ਮੁਢਲੇ ਯਤਨ, ਅਥਵਾ **'ਸਬਦ-ਸੁਰਤਿ' ਦੀ ਕਮਾਈ** ਉਤੇ **ਨਿਰਭਰ ਹੈ।**

ਪ੍ਰਭੂ ਦੀਆਂ ਅਨੰਤ ਬਖਸ਼ਿਸ਼ਾਂ ਵਿਚੋਂ, ਸਭ ਤੋਂ ਬਹੁਮੁਲੀ, ਦੁਰਲੱਭ ਤੇ **ਵੱਡੀ ਦਾਤ 'ਸਬਦੁ' ਹੀ ਹੈ।** 'ਸਬਦੁ' ਦੇ ਪ੍ਰਕਾਸ਼ ਨਾਲ ਹੀ **ਸਾਰੇ ਦੈਵੀ ਗੁਣ ਤੇ ਸੁਖ ਆਦਿ, ਸਹਿਜ-ਸੁਭਾਏ ਪ੍ਰਾਪਤ ਹੋ ਜਾਂਦੇ ਹਨ।** ਇਸ ਲਈ ਸਬਦੁ ਦਾ **ਅਨੁਭਵੀ-ਪ੍ਰਕਾਸ਼ ਹੀ ਇਲਾਹੀ ਬਖਸ਼ਿਸ਼ ਦੀ ਨਿਸ਼ਾਨੀ, ਨੀਸਾਣੁ ਯਾ ਲੱਛਣ ਹੈ।**

ਰਾਮਦਾਸ ਸੋਢੀ ਤਿਲਕੁ ਦੀਆ, **ਗੁਰ ਸਬਦੁ ਸਚੁ ਨੀਸਾਣੁ ਜੀਉ॥** (ਪੰਨਾ-੯੨੩)

ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥ (ਪੰਨਾ-੧੧੮੮)

ਏਥੇ ਇਕ ਹਕੀਕਤ ਦਾ ਜ਼ਿਕਰ ਕਰਨਾ ਲਾਜ਼ਮੀ ਹੈ, ਕਿ ਗੁਰੂ ਪਾਸੋਂ ਪ੍ਰਾਪਤ **'ਸਬਦੁ' ਦੀ ਬਖਸ਼ਿਸ਼** ਅਤੇ ਹੋਰ ਅਨੇਕਾਂ ਦਾਤਾਂ ਨੂੰ, ਜਗਿਆਸੂ ਦੀ ਘਾਲਣਾ ਨਾਲ ਨਹੀਂ ਤੋਲਿਆ ਜਾ ਸਕਦਾ। ਦੂਜੇ ਲਫ਼ਜ਼ਾਂ ਵਿਚ, **ਬਖਸ਼ਿਸ਼ ਦੇ ਸਾਹਮਣੇ, ਜਗਿਆਸੂ ਦੀ ਘਾਲਣਾ ਯਾ ਕਮਾਈ 'ਨਾਮ-ਮਾਤਰ' ਹੀ ਹੁੰਦੀ ਹੈ।** ਜਿਤਨੀ ਕੁ ਬਖਸ਼ਿਸ਼ ਦੀ ਉਮੀਦ ਜਾਂ ਆਸ ਰਖ ਕੇ ਜਗਿਆਸੂ ਆਪਣੀ ਪ੍ਰਮਾਰਥਕ ਘਾਲਣਾ ਯਾ ਯਤਨ ਕਰਦਾ ਹੈ, **ਉਸ ਤੋਂ ਅਨੰਤ-ਗੁਣਾਂ ਜ਼ਿਆਦਾ ਗੁਰੂ ਵਲੋਂ ਬਖਸ਼ਿਸ਼ਾਂ ਪ੍ਰਦਾਨ ਹੁੰਦੀਆਂ ਹਨ।** ਇਹਨਾਂ ਬਖਸ਼ਿਸ਼ਾਂ ਤੇ ਬਰਕਤਾਂ ਨੂੰ ਪ੍ਰਾਪਤ ਕਰਨ ਉਪਰੰਤ, ਜਗਿਆਸੂ ਦੇ ਮਨ ਵਿਚ ਉਪਜੀ ਖੁਸ਼ੀ, ਅਨੰਦ ਅਤੇ ਸ਼ੁਕਰਾਨੇ ਨੂੰ ਸਤਿਗੁਰਾਂ ਨੇ **'ਨਿਹਾਲ'** ਲਫ਼ਜ਼ ਦੁਆਰਾ ਦਰਸਾਇਆ ਹੈ।

ਗੁਰ ਕੈ ਸਬਦਿ ਹਰਿ **ਨਦਰਿ ਨਿਹਾਲੇ॥**
ਗਿਆਨ ਅੰਜਨੁ ਪਾਏ ਗੁਰ ਸਬਦੀ **ਨਦਰੀ ਨਦਰਿ ਮਿਲਾਇਦਾ॥** (ਪੰਨਾ-੧੦੬੫)

ਗੁਰਿ ਤੁਠੈ ਨਾਮੁ ਦ੍ਰਿੜਾਇਆ **ਹਮ ਕੀਏ ਸਬਦਿ ਨਿਹਾਲੁ॥**
ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ॥ (ਪੰਨਾ-੧੩੧੫)

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ।।
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ।। (ਪੰਨਾ-੪੭੪)

'ਨਦਰਿ-ਨਿਹਾਲ' ਦੀ ਭਾਵਕ ਗਹਿਰਾਈ ਨੂੰ ਸਮਝਣ ਲਈ 'ਮਾਂ-ਪਿਆਰ' ਦੀ ਮਿਸਾਲ ਦਿੱਤੀ ਜਾਂਦੀ ਹੈ —

ਮਾਂ ਦੇ ਹਿਰਦੇ ਵਿਚ ਆਪਣੇ ਬੱਚੇ ਲਈ ਸਹਿਜ-ਸੁਭਾਇ, ਇਕ **ਪਿਆਰ ਦੀ 'ਰੌ'** ਰਵਿ ਰਹੀ ਹੁੰਦੀ ਹੈ, ਪਰ ਜਦ ਕਦੀ ਬੱਚਾ ਭੋਲੇ-ਭਾਏ ਕਿਸੇ ਪਿਆਰ-ਮਈ ਭਾਵਨਾ ਨਾਲ ਮਾਂ ਨੂੰ **'ਰਿਝਾ' ਲੈਂਦਾ ਹੈ,** ਤਾਂ ਮਾਂ ਦੇ ਹਿਰਦੇ ਵਿਚ ਬੱਚੇ ਲਈ **ਅਸਾਧਾਰਣ ਪਿਆਰ ਉਮਡ ਆਉਂਦਾ ਹੈ।** ਇਸ ਤੀਬਰ **'ਮਾਂ-ਪਿਆਰ' ਦੇ ਵਲਵਲਿਆਂ ਦੇ ਉਛਾਲ ਵਿਚ,** ਮਾਂ ਦਾ ਸਾਰਾ **'ਆਪਾ'** ਅਥਵਾ **'ਜੁੱਸਾ', 'ਪਘਲ ਕੇ', ਉਬਲ ਕੇ, ਉਸ ਦੀਆਂ ਅਨੋਖੀਆਂ ਹਰਕਤਾਂ ਵਿਚ ਜ਼ਾਹਰ ਹੁੰਦਾ ਹੈ** ਤੇ ਉਹ ਬੱਚੇ ਨੂੰ ਵਿਸ਼ੇਸ਼ ਢੰਗਾਂ ਨਾਲ **ਲਾਡ-ਲਡਾਉਂਦੀ,** ਸੋਹਣੇ ਪਿਆਰ ਭਾਵਨਾ ਵਾਲੇ ਸ਼ਬਦਾਂ ਨਾਲ ਸੰਬੋਧਨ ਕਰਦੀ ਹੈ। ਉਸ ਦੇ ਡੂੰਘੇ ਪ੍ਰੇਮ ਭਰੇ ਹਿਰਦੇ ਵਿਚੋਂ ਬੱਚੇ ਲਈ **ਅਨੇਕਾਂ ਸ਼ੁਭ ਇਛਾਵਾਂ ਤੇ ਅਸੀਸਾਂ ਸਹਿਜੇ ਹੀ 'ਫੁਟ' ਨਿਕਲਦੀਆਂ ਹਨ।** ਮਾਂ ਦਾ ਖ਼ੂਨ ਤੇ ਸਾਰਾ 'ਜੁੱਸਾ' **ਪਿਆਰ ਨਿੱਘ ਨਾਲ ਪਘਲ ਕੇ, 'ਦੁੱਧ' ਦਾ ਰੂਪ ਧਾਰ ਲੈਂਦਾ ਹੈ** ਅਤੇ ਉਸ ਦੀਆਂ ਛਾਤੀਆਂ ਵਿਚੋਂ **ਉਛਲ ਕੇ** (over-flow) **ਵਗ ਟੁਰਦਾ ਹੈ।** ਇਹ ਸਾਰੀ ਖੇਲ **'ਮਾਂ-ਪਿਆਰ' ਦੀ ਪ੍ਰੇਮ-ਭਾਵਨਾ ਦੇ ਤੀਬਰ ਵੇਗ ਦੇ ਉਛਾਲ ਦਾ ਪ੍ਰਗਟਾਵਾ ਯਾ ਜਾਦੂ ਹੈ।** ਇਸ ਤਰ੍ਹਾਂ ਇਹ ਗ਼ੈਰ-ਮਾਮੂਲੀ ਕੁਦਰਤ ਦੇ ਕ੍ਰਿਸ਼ਮੇ, ਕਈ ਵਾਰੀ ਸਾਧਾਰਣ ਨਿਯਮਾਂ ਤੋਂ ਬਾਹਰ ਹੋ ਵਰਤਦੇ ਹਨ।

ਠੀਕ ਇਸੇ ਤਰ੍ਹਾਂ, 'ਰੱਬ' ਦੇ ਭਗਤ ਯਾ 'ਪਿਆਰੇ' ਜਦ ਕਦੇ **ਭੋਲੇ-ਭਾਇ 'ਰੱਬੀ-ਪਿਆਰ' ਵਿਚ ਮਤਵਾਲੇ ਹੋ ਕੇ,** ਸ਼ਰਧਾ-ਭਾਵਨੀ ਦੀ ਤੀਬਰਤਾ ਵਿਚ, ਸਹਿਜ-ਸੁਭਾਏ ਕੋਈ **ਸ਼ਰਧਾ ਦੀ ਭੇਟਾ** ਪੇਸ਼ ਕਰਦੇ ਹਨ, ਤਾਂ ਮਾਂ ਦੀ ਤਰ੍ਹਾਂ, ਆਪਣੇ 'ਪਿਆਰੇ ਭਗਤ' ਦੀ ਅਨੋਖੀ, **ਭੋਲੀ-ਭਾਲੀ ਪ੍ਰੇਮ-ਭਾਵਨਾ ਦੇ ਜਵਾਬ** (response) **ਵਿਚ, ਪ੍ਰਮੇਸ਼ਰ ਦੀ ਮਿਹਰ ਤੇ ਹਿਰਦਾ ਭੀ ਆਪਣੇ 'ਪਿਆਰੇ ਭਗਤ' ਉਤੇ ਰੀਝ ਕੇ ਉਛਲਦਾ** ਹੈ ਅਤੇ ਆਪਣੇ ਦਰੋਂ-ਘਰੋਂ **ਇਲਾਹੀ ਦਾਤਾਂ - 'ਨਾਮੁ', 'ਪ੍ਰਿਮ-ਪਿਆਲਾ' ਅਤੇ 'ਸੇਵਾ' ਆਦਿ ਤੇ ਹੋਰ ਅਨੇਕਾਂ ਮੂੰਹ-ਮੰਗੀਆਂ ਦਾਤਾਂ ਦੇ ਖੁੱਲ੍ਹੇ-ਗੱਫੇ ਬਖਸ਼ਦਾ ਹੈ,** ਜਿਸ ਨੂੰ ਗੁਰਬਾਣੀ ਵਿਚ **'ਨਦਰੀ ਨਦਰਿ ਨਿਹਾਲ'** ਕਿਹਾ ਗਿਆ ਹੈ — ਜਿਸ ਦੀਆਂ ਗੁਰ ਇਤਿਹਾਸ ਵਿਚ ਅਨੇਕਾਂ ਮਿਸਾਲਾਂ ਮਿਲਦੀਆਂ ਹਨ।

ਭਾਈ ਗੁਰਦਾਸ ਜੀ, ਹੀਰਾ, ਹੁੰਡੀ ਅਤੇ ਬੋਹੜ ਦੇ ਬੀਜ ਦੀਆਂ ਮਿਸਾਲਾਂ ਦੇ ਕੇ, ਦ੍ਰਿੜ੍ਹ ਕਰਾਉਂਦੇ ਹਨ ਕਿ ਸਬਦੁ ਨੂੰ ਹਿਰਦੇ ਵਿਚ ਵਸਾਉਣ ਨਾਲ ਜੋ ਬਰਕਤਾਂ ਤੇ ਬਖਸ਼ਿਸ਼ਾਂ ਸਤਿਗੁਰ ਪ੍ਰਦਾਨ ਕਰਦੇ ਹਨ, ਉਹਨਾਂ ਦਾ ਅੰਦਾਜ਼ਾ ਲਾਉਣਾ ਕਠਨ ਹੈ।

ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ।।
ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੂ,
ਆਗੈ ਜਾਇ ਪਾਈਅਤਿ ਲਛਮੀ ਅਪਾਰ ਜੀ।।
ਜੈਸੇ ਬਟ ਬੀਜ ਅਤਿ ਸੂਖਮ ਸ੍ਵਰੂਪ ਹੋਤ,
ਬੋਏ ਸੈ ਬਿਬਿਧ ਕਰੈ ਬਿਰਖਾ ਵਿਥਾਰ ਜੀ।।
ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈ
ਜਾਨੀਐ ਮਹਾਤਮ ਗਏ ਹੀ ਹਰਿਦੁਆਰ ਜੀ।। (ਕ.ਭਾ.ਗੁ.੩੭੩)

ਗੁਰਬਾਣੀ ਵਿਚ **'ਪੰਚ-ਸਬਦ'** ਲਫ਼ਜ਼ ਬਹੁਤ ਵਾਰੀ ਵਰਤਿਆ ਗਿਆ ਹੈ। ਇਹ ਲਫ਼ਜ਼ ਕੇਵਲ ਅਲੰਕਾਰਕ ਰੂਪ ਵਿਚ, **'ਪ੍ਰੇਮ-ਮਈ ਆਤਮਿਕ-ਅਨੰਦ' ਨੂੰ ਦਰਸਾਉਣ ਦਾ, ਇਕ ਸੰਗੀਤਕ ਢੰਗ ਹੈ।** ਕਈ ਜਗਿਆਸੂ 'ਪੰਚ-ਸਬਦ' ਤੋਂ ਪੰਜ ਤਰ੍ਹਾਂ ਦੇ ਸਾਜ਼ਾਂ ਦੀਆਂ ਆਵਾਜ਼ਾਂ ਨੂੰ ਅੰਤਿਸ਼ਕਰਨ ਜਾਂ **ਸੁਰਤਿ** ਵਿਚ ਸੁਣਨ ਨੂੰ ਹੀ ਅਨਹਦ-ਨਾਦ ਮੰਨੀ ਬੈਠੇ ਹਨ। ਕਈ ਮਤ, ਪੰਜ ਅੱਖਰਾਂ ਵਾਲੇ 'ਮੰਤ੍' ਨੂੰ ਹੀ 'ਪੰਚ-ਸਬਦ' ਮੰਨੀ ਬੈਠੇ ਹਨ। ਇਸ ਤਰ੍ਹਾਂ ਅਸੀਂ ਖਾਹ-ਮਖਾਹ ਵਾਦ-ਵਿਵਾਦ ਵਿਚ ਪੈ ਜਾਂਦੇ ਹਾਂ।

ਇਸ ਬਹੁਪੱਖੀ 'ਵਾਦ-ਵਿਵਾਦ' ਤੇ ਭੁਲੇਖੇ ਦਾ ਨਿਸਤਾਰਾ ਕਰਨ ਲਈ ਹੇਠਲੀ ਵਿਚਾਰ ਦਿੱਤੀ ਜਾਂਦੀ ਹੈ।

'ਸਬਦੁ' ਦੀ ਕਮਾਈ ਤੋਂ ਪਹਿਲਾਂ ਸਾਡੇ ਮਨ, ਚਿਤ, ਬੁੱਧੀ ਵਿਚ ਵਿਕਾਰਾਂ ਦਾ ਬੋਲ-ਬਾਲਾ ਤੇ ਵਰਤ-ਵਰਤਾਰਾ ਹੁੰਦਾ ਹੈ। ਵਿਕਾਰੀ ਮਨ ਵਿਚੋਂ 'ਨੀਵੇਂ ਖ਼ਿਆਲ ਤੇ ਵਲਵਲੇ' ਆਪਣੇ-ਆਪ ਅਚਨ-ਚੇਤ ਅਤੇ ਸੁਤੇ-ਸਿਧ ਹੀ 'ਫੁਹਾਰੇ' ਯਾ ਚਸ਼ਮੇ (fountain or spring) ਵਾਂਗ 'ਲਗਾਤਾਰ' ਫੁਟਦੇ ਰਹਿੰਦੇ ਹਨ, ਅਤੇ ਮਨੁੱਖ ਨੂੰ ਪਰੇਸ਼ਾਨ ਕਰਦੇ ਰਹਿੰਦੇ ਹਨ। ਇਹਨਾਂ ਨੀਵੇਂ ਫੁਰਨਿਆਂ ਨੂੰ ਕੇਵਲ ਮਨੁੱਖ ਹੀ ਆਪਣੀ ਸੁਰਤ ਵਿਚ ਚੁਪ-ਚੁਪੀਤੇ ਅਨੁਭਵ ਕਰਦਾ ਹੈ।

ਪਰ ਜਦੋਂ ਜਗਿਆਸੂ ਸਾਧ ਸੰਗਤ ਵਿਚ ਸਬਦ ਦੀ ਕਮਾਈ ਕਰਦਾ ਹੈ, ਤਾਂ ਸਹਿਜੇ-ਸਹਿਜੇ ਗੁਰੂ ਕਿਰਪਾ ਸਦਕਾ ਉਸ ਦੇ ਮਨ ਵਿਚੋਂ ਉਪਜੇ ਨੀਵੇਂ ਫੁਰਨਿਆਂ ਤੇ ਵਲਵਲਿਆਂ ਦੀ ਥਾਂ —

ਭੈ-ਭਾਵਨੀ
ਰੱਬੀ-ਸਿਫ਼ਤ
ਪ੍ਰਭੂ-ਪ੍ਰੇਮ
ਨਿਸ਼ਕਾਮ ਸੇਵਾ

ਨਿਰਮਲ ਕਰਮ
ਰੱਬੀ ਅਨੰਦ
ਆਤਮਿਕ ਖੇੜਾ
ਭਾਣਾ, ਆਦਿ

ਅਨੇਕਾਂ ਦੈਵੀ ਗੁਣਾਂ ਦੇ ਖਿਆਲ, ਵਲਵਲੇ, ਫੁਰਨੇ ਅਤੇ ਵਿਚਾਰ **'ਚਸ਼ਮੇ' ਜਾਂ 'ਫੁਹਾਰੇ'** ਵਾਂਗ ਉਸ ਦੀ ਸੁਰਤ ਯਾ ਜ਼ਮੀਰ ਵਿਚ ਆਪਣੇ ਆਪ **ਲਗਾਤਾਰ ਉਪਜਦੇ ਰਹਿੰਦੇ ਹਨ।**

ਇਸ ਤਰ੍ਹਾਂ **ਸੁਰਤ ਵਿਚ 'ਸਬਦੁ', ਕਈ ਤਰੰਗਾਂ, ਰੰਗਾਂ, ਰੂਪਾਂ ਵਿਚ ਪ੍ਰਕਾਸ਼ਤ** ਤੇ **ਪ੍ਰਵਿਰਤ ਹੁੰਦਾ ਹੈ।**

ਇਹਨਾਂ ਅੰਦਰੂਨੀ ਆਤਮਿਕ ਖ਼ਿਆਲਾਂ, ਵਲਵਲਿਆਂ ਤੇ **ਪ੍ਰੇਮ-ਸਵੈਪਨਾ ਦੀਆਂ ਤਰੰਗਾਂ ਨੂੰ ਹੀ 'ਅਨਹਦ-ਸਬਦ' ਯਾ 'ਪੰਚ-ਸਬਦ' ਕਿਹਾ ਗਿਆ ਹੈ।** ਏਥੇ ਇਹ ਦਸਣਾ ਜ਼ਰੂਰੀ ਹੈ ਕਿ ਜਿਵੇਂ ਪਹਿਲੀ ਹਾਲਤ ਵਿਚ ਨੀਵੇਂ ਖ਼ਿਆਲਾਂ ਤੇ ਵਲਵਲਿਆਂ ਨੂੰ ਪੈਦਾ ਕਰਨ ਲਈ ਕੋਈ ਉਚੇਚਾ ਉਦਮ, ਜ਼ੋਰ ਜਾਂ ਸਾਧਨਾਂ ਨਹੀਂ ਕਰਨੀ ਪੈਂਦੀ, ਇਵੇਂ ਹੀ, **'ਸਬਦ- ਸੁਰਤਿ' ਦੇ ਮੇਲ ਹੋਣ ਤੇ,** ਦੈਵੀ ਖ਼ਿਆਲਾਂ, ਵਲਵਲਿਆਂ ਤੇ **ਸ੍ਵੈਪਨਾਵਾਂ ਦੀਆਂ ਤਰੰਗਾਂ ਆਪਣੇ-ਆਪ ਹੀ ਸੁਰਤਿ ਵਿਚ** ਉਪਜਦੀਆਂ ਤੇ ਠਾਠਾਂ ਮਾਰਦੀਆਂ ਰਹਿੰਦੀਆਂ ਹਨ ਤੇ ਜਗਿਆਸੂ ਨੂੰ ਪ੍ਰਭੂ ਚਰਨਾਂ ਵਿਚ ਜੋੜੀ ਰਖਦੀਆਂ ਹਨ। ਇਸੇ ਨੂੰ ਹੀ —

ਅਜਪਾ-ਜਾਪ
ਅਨਹਦ-ਸਬਦੁ
ਪੰਚ-ਸਬਦ
'ਮਨ ਮਧੇ ਹਰਿ ਹਰਿ ਰਾਵਨਾ'
'ਪਿਰਮ-ਪਿਆਲਾ ਚੁਪ ਚਬੋਲਾ '
ਅਨਹਦ ਧੁਨੀ
ਗੋਬਿੰਦ ਗਜਿਆ

ਕਿਹਾ ਗਿਆ ਹੈ।

ਇਹਨਾਂ ਦੈਵੀ-ਖ਼ਿਆਲਾਂ ਅਤੇ ਭਾਵਨਾਵਾਂ ਦੀ ਬੁਨਿਆਦ **'ਗੁਰੂ-ਪ੍ਰੇਮ' ਹੀ ਹੁੰਦਾ ਹੈ,** ਇਸ ਲਈ ਇਹਨਾਂ ਵਿਚ ਦਿਖਾਵੇ ਯਾ ਹਉਮੈ ਦੀ ਅੰਸ ਲੇਸ ਮਾਤਰ ਭੀ ਨਹੀਂ ਹੁੰਦੀ।

ਭਾਈ ਗੁਰਦਾਸ ਜੀ ਨੇ ਸਪਸ਼ਟ ਤੌਰ ਤੇ ਨਿਰਣਾ ਦਿਤਾ ਹੈ, ਕਿ ਨਾਮ ਰਸੀਆ ਤਾਂ ਆਪਣੀ 'ਸੁਰਤਿ' ਨੂੰ 'ਸਬਦੁ' ਵਿਚ ਲਿਵਲੀਨ ਕਰਕੇ **'ਪੰਚ-ਸਬਦ' ਜਾਂ ਸੰਗੀਤਕ**

ਆਵਾਜ਼ ਦੀ 'ਥਾਂ' **ਕੇਵਲ ਪ੍ਰੀਤਮ ਦਾ 'ਨਾਮੁ' ਯਾ 'ਸਬਦੁ' ਹੀ ਸੁਣਦਾ ਹੈ,** ਅਤੇ ਰਾਗਾਂ ਨਾਦਾਂ ਦੇ ਝਗੜੇ ਵਿਅਰਥ ਸਮਝ ਕੇ ਕੇਵਲ 'ਰੱਬੀ-ਪ੍ਰੇਮ' ਦੀ 'ਚੁੱਪ-ਬੋਲੀ', ਦੈਵੀ ਭਾਵਨਾਵਾਂ ਯਾ 'ਅਨਹਦ ਸਬਦ' ਵਿਚ ਲਿਵਲੀਨ ਹੋ ਕੇ ਮਸਤ ਰਹਿੰਦਾ ਹੈ।

ਸਬਦ ਸੁਰਤਿ ਲਿਵ ਸਾਧਸੰਗਿ **ਪੰਚ ਸਬਦ ਇਕ ਸਬਦ ਮਿਲਾਏ।**

ਰਾਗ ਨਾਦ ਸੰਬਾਦ ਲਖਿ ਭਾਖਿਆ ਭਾਉ ਸੁਭਾਉ ਅਲਾਏ। (ਵਾ.ਭਾ.ਗੁ. ੬/੧੦)

ਵਾਹਗੁਰੂ ਗੁਰੁ ਸਬਦੁ ਲੈ **ਪਿਰਮ ਪਿਆਲਾ ਚੁਪਿ ਚਬੋਲਾ।** (ਵਾ.ਭਾ.ਗੁ. ੪/੧੭)

ਗੁਰਮੁਖਿ ਸੁਨਣਾ ਸੁਰਤਿ ਕਰਿ **ਪੰਚ ਸਬਦੁ ਗੁਰ ਸਬਦਿ ਅਲਾਪੈ।**

(ਵਾ.ਭਾ.ਗੁ. ੬/੧੮)

ਪੰਜ ਸਬਦ ਗੁਰ ਸਬਦ ਲਿਵ ਪੰਜੁ ਪੰਜੇ ਪੰਜੀਹ ਲਾਣੈ। (ਵਾ.ਭਾ.ਗੁ. ੪੦/੨੦)

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।। (ਪੰਨਾ-੧੨੯੧)

ਸਾਧ-ਸੰਗਤਿ ਵਿਚ ਗੁਰਸਬਦ ਦੀ ਕਮਾਈ ਨਾਲ, ਜਗਿਆਸੂ ਨੂੰ ਗੁਰੂ ਘਰ ਤੋਂ, **ਨਕਦੋ-ਨਕਦੀ 'ਦਾਤਾਂ' ਜਾਂ 'ਬਰਕਤਾਂ' ਪ੍ਰਾਪਤ ਹੁੰਦੀਆਂ ਹਨ।** ਇਹਨਾਂ 'ਬਰਕਤਾਂ' ਯਾ 'ਦਾਤਾਂ' ਨੂੰ ਇਉਂ ਦਰਸਾਇਆ ਜਾਂਦਾ ਹੈ।

ਜਿਤਨੇ ਵੀ ਦੁਖ, ਕਲ-ਕਲੇਸ਼ ਮਨੁਖ ਭੋਗਦਾ ਹੈ, ਉਹ ਸਭ ਨੀਵੇਂ ਖ਼ਿਆਲਾਂ ਤੇ ਕਰਮਾਂ ਤੋਂ ਉਪਜਦੇ ਹਨ। 'ਸਬਦੁ' ਕਮਾਈ ਦੁਆਰਾ ਜਗਿਆਸੂ, ਮਾਇਕੀ ਦੁਖ-ਸੁਖ ਤੋਂ ਉਚਾ ਉਠਕੇ, ਕਦੀ ਕਦੀ ਛਿਨ-ਭਰ ਆਤਮਿਕ ਸੁਖ ਦੀ ਝਲਕ ਮਹਿਸੂਸ ਯਾ ਅਨੁਭਵ ਕਰਦਾ ਹੈ। ਉਸ ਛਿਨ-ਪਲ **ਆਤਮਿਕ ਸੁਖ ਤੇ ਰਸ ਦੀ ਯਾਦ,** ਉਸ ਨੂੰ ਮੁੜ-ਮੁੜ **'ਸਬਦੁ' ਦੀ ਕਮਾਈ ਵੱਲ ਪ੍ਰੇਰਦੀ ਹੈ।**

'ਸਬਦੁ' ਦਾ ਅੰਤਰਮੁਖੀ ਅਭਿਆਸ ਕਰਨ ਨਾਲ, ਮਨ ਵਿਚ 'ਸਬਦੁ' ਦੀ ਅਨੁਭਵੀ-ਵਿਚਾਰ ਉਪਜਦੀ ਰਹਿੰਦੀ ਹੈ, ਜਿਸ ਕਰਕੇ ਮਨ ਵਿਚ ਚਿੰਤਾ, ਅੰਦੇਸਾ ਆਦਿ ਮਾਇਕੀ ਫੁਰਨੇ ਨਹੀਂ ਉਪਜਦੇ ਅਤੇ ਜਗਿਆਸੂ ਦਾ ਮਨ ਕਿਸੇ ਅਨੂਠੇ **ਆਤਮਿਕ ਰਸ ਦੀ ਤਾਰ ਦੀ ਖਿਚ ਮਹਿਸੂਸ ਕਰਦਾ ਹੋਇਆ 'ਸਬਦ-ਸੁਰਤਿ' ਦੀ ਕਮਾਈ ਵੱਲ ਪ੍ਰੇਰਿਆ ਜਾਂਦਾ ਹੈ।**

ਆਮ ਤੌਰ ਤੇ ਈਰਖਾ, ਦਵੈਤ, ਕਾਮਾਦਿਕ ਦੇ ਪ੍ਰਭਾਵ ਹੇਠ, ਮਨੁੱਖ ਦੀ ਮਤਿ, ਬੁਧੀ ਅਤੇ ਅੰਤਿਸ਼ਕਰਨ ਭ੍ਰਿਸ਼ਟਿਆ ਜਾਂਦਾ ਹੈ, ਜਾਂ ਸੁਆਰਥੀ ਹੋ ਜਾਂਦਾ ਹੈ ਅਤੇ ਮਨੁਖ ਤਬਾਹੀ ਵਾਲੇ ਪਾਸੇ ਤੁਰ ਪੈਂਦਾ ਹੈ। ਦੂਜੇ ਪਾਸੇ, 'ਪ੍ਰਕਾਸ਼-ਰੂਪ ਸਬਦ' ਦੁਆਰਾ, ਮਨੁੱਖ ਦੀ ਮਤਿ ਤੇ ਬੁਧੀ ਸਾਧ-ਸੰਗਤ ਰੂਪੀ **ਸਚੀ ਟਕਸਾਲ ਵਿਚ ਘੜੀ ਜਾਂਦੀ ਹੈ** ਅਤੇ ਓਹੀ

ਮਤਿ ਤੇ ਬੁਧੀ ਆਤਮਿਕ ਗਿਆਨ ਤੇ ਉਤਸ਼ਾਹ ਨਾਲ ਭਰਪੂਰ ਹੋਣ ਕਰਕੇ, **ਨਿਸ਼ਕਾਮ ਸੇਵਾ ਤੇ ਪਰਉਪਕਾਰ ਵਾਲੇ ਪਾਸੇ ਲਗ ਜਾਂਦੀ ਹੈ।**

ਅਨੇਕਾਂ ਜਨਮਾਂ ਵਿਚ ਦੀ ਗੁਜ਼ਰਦਿਆਂ ਅਤੇ ਇਸ ਜਨਮ ਦੀ ਕੁਸੰਗਤ ਦੇ ਪ੍ਰਭਾਵ ਵਿਚ, ਮਨੁੱਖ ਭਰਮ-ਭੁਲਾਵੇ ਦੀ 'ਮਾਇਕੀ ਕਾਲ-ਕੋਠੜੀ' ਯਾ ਅਗਿਆਨਤਾ ਦੇ ਘੋਰ-ਅੰਧਕਾਰ ਵਿਚ ਵਿਚਰਦਾ ਹੈ। ਪਰ, ਗੁਰ-ਸਬਦੁ ਦੇ ਅਨੁਭਵੀ ਗਿਆਨ ਦੁਆਰਾ, ਇਹ ਸਾਰਾ ਮਾਇਕੀ ਜਗਤ ਧੁੰਏਂ ਦੇ 'ਪਹਾੜ' ਵਾਂਗ ਨਜ਼ਰ ਆਉਂਦਾ ਹੈ ਅਤੇ ਅਗਿਆਨਤਾ ਦਾ 'ਹਨੇਰਾ' ਉਡ ਜਾਂਦਾ ਹੈ।

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ।।
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ।। (ਪੰਨਾ-੭੯੮)

ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ।। (ਪੰ-੧੭੨)

ਮਾਇਕੀ ਭਰਮ ਭੁਲਾਵੇ ਅੰਦਰਿ ਮਨੁੱਖ ਅਨੇਕਾਂ ਦੁਖਾਂ, ਕਲੇਸ਼ਾਂ ਅਤੇ ਚਿੰਤਾ ਫ਼ਿਕਰ ਵਿਚ ਸਹਿਮਿਆ ਰਹਿੰਦਾ ਹੈ। 'ਸਬਦੁ' ਦੇ ਅਨੁਭਵੀ ਪ੍ਰਕਾਸ਼ ਵਿਚ ਮਾਇਕੀ ਭਰਮ ਅੰਧੇਰਾ ਮਿਟ ਜਾਂਦਾ ਹੈ ਅਤੇ ਜਗਿਆਸੂ ਆਤਮਿਕ ਅਨੰਦ-ਮਈ ਜ਼ਿੰਦਗੀ ਬਤੀਤ ਕਰਦਾ ਹੈ।

ਗੁਰ ਕਾ ਸਬਦੁ ਵਸੈ ਮਨਿ ਜਾ ਕੈ।।
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ।। (ਪੰਨਾ-੧੦੭੯)

ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ।। (ਪੰਨਾ-੧੨੩੩)

ਸਾਚੇ ਨਿਰਮਲ ਮੈਲੁ ਨ ਲਾਗੈ।।
ਗੁਰ ਕੈ ਸਬਦਿ ਭਰਮ ਭਉ ਭਾਗੈ।। (ਪੰਨਾ-੬੮੬)

ਮਨੁੱਖੀ ਮਨ ਤ੍ਰੈਗੁਣੀ ਮਾਇਆ ਦੇ ਬਿਸਮਾਦ ਵਿਚ ਸੁੱਤਾ ਰਹਿੰਦਾ ਹੈ। ਇਸ ਨੂੰ ਗੁਰਬਾਣੀ ਵਿਚ 'ਅਉਥਾੜਾ' ਜਾਂ 'ਉਥਾਰਾ' (nightmore) ਯਾ ਦਬਾਵ ਵਾਲੀ ਨੀਂਦ ਵੀ ਕਿਹਾ ਗਿਆ ਹੈ। 'ਸਬਦੁ-ਸੁਰਤ' ਦੀ ਕਮਾਈ ਨਾਲ ਜਗਿਆਸੂ ਸਹਿਜ-ਸੁਭਾਏ **'ਆਤਮਿਕ-ਜਾਗ' ਵਿਚ ਆ ਜਾਂਦਾ ਹੈ।**

ਨਵ ਹਾਣਿ ਨਵ ਧਨ **ਸਬਦਿ ਜਾਗੀ** ਆਪਣੇ ਪਿਰ ਭਾਣੀਆ।। (ਪੰਨਾ-੮੪੪)

ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ।। (ਪੰਨਾ-੧੦੪੭)

ਤਸਕਰੁ ਚੋਰੁ ਨ ਲਾਗੈ ਤਾ ਕਉ **ਧੁਨਿ ਉਪਜੈ ਸਬਦਿ ਜਗਾਇਆ।।** (ਪੰ-੧੦੩੯)

ਧਾਰਮਿਕ ਖੇਤਰ ਦੇ ਬਹੁਤ ਸਾਰੇ ਜਗਿਆਸੂ ਵੇਖਾ-ਵੇਖੀ ਦੁਬਿਧਾ ਵਿਚ, ਅਨੇਕਾਂ ਫੋਕੇ ਰਸਮੀ ਕਰਮ ਕਾਂਡਾਂ ਦੇ ਰਟਨ ਨਾਲ ਪਾਣੀ ਹੀ ਰਿੜਕਦੇ ਰਹਿੰਦੇ ਹਨ। ਇਸ ਤਰ੍ਹਾਂ

ਉਹਨਾਂ ਦੀ ਮੋਟੀ-ਬਿਰਤੀ ਚੰਗੇ-ਮਾੜੇ, ਸੱਚ-ਝੂਠ ਆਦਿ ਦਾ ਨਿਸਤਾਰਾ ਯਾ ਫ਼ੈਸਲਾ ਕਰਨ ਤੋਂ ਅਸਮਰਥ ਹੁੰਦੀ ਹੈ। ਪਰ, ਸਾਧ ਸੰਗਤ ਵਿਚ ਸਬਦੁ ਦੀ ਕਮਾਈ ਕਰਨ ਨਾਲ, ਜਗਿਆਸੂ ਦੀ **'ਹੰਸ ਬਿਰਤੀ' ਹੋ ਜਾਂਦੀ ਹੈ ਅਤੇ ਉਹ ਸਚ-ਝੂਠ ਦਾ ਨਿਰਨਾ ਕਰਨ ਯੋਗ ਹੋ ਜਾਂਦਾ ਹੈ।**

ਗੁਰੁ ਪਰਮੇਸਰੁ ਨਾਨਕ ਭੇਟਿਓ **ਸਾਚੈ ਸਬਦਿ ਨਿਬੇਰਾ।।** (ਪੰਨਾ-੮੭੮)

ਸਾਚਿ ਸੂਚਾ ਸਦਾ ਨਾਨਕ ਗੁਰ **ਸਬਦਿ ਝਗਰੁ ਨਿਬੇਰਓ।।** (ਪੰਨਾ-੮੪੪)

ਸਾਰੇ ਸੰਸਾਰ ਦਾ ਧਾਰਮਿਕ **ਗਿਆਨ ਤੇ ਵਿਗਿਆਨ ਮਾਇਆ ਦੇ ਤਿੰਨਾਂ ਗੁਣਾਂ ਤਕ ਹੀ ਸੀਮਤ ਹੈ।** ਧਾਰਮਿਕ ਗਿਆਨ ਉਤੇ ਨਿਜੀ ਉਕਤੀਆਂ, ਜੁਗਤੀਆਂ, ਸਿਆਣਪਾਂ ਦੀ **ਪਾਣ ਜਾਂ ਰੰਗਤ ਚੜ੍ਹੀ ਹੋਣ ਕਰਕੇ,** ਜਗਿਆਸੂ ਦੀ ਜ਼ਿੰਦਗੀ ਵਿਚ ਉਚੇਰਾ ਤੇ ਚੰਗੇਰਾ ਪਰਿਵਰਤਨ ਨਹੀਂ ਆਉਂਦਾ। ਦੂਜੇ ਪਾਸੇ ਵਿਗਿਆਨ ਕੇਵਲ **ਕੁਦਰਤ ਦੇ ਛਿਲੜਾਂ ਦੇ ਅਧਿਅਨ ਵਿਚ ਹੀ ਸੰਤੁਸ਼ਟ ਹੈ।** ਪਰ ਜੀਵਨ ਵਿਚ ਪਰਿਵਰਤਨ ਲਿਆਉਣ ਵਾਲਾ 'ਅਧਿਆਤਮਕ ਤਤ-ਗਿਆਨ', **ਕੇਵਲ ਗੁਰਸਬਦ ਦੀ ਅਨੁਭਵੀ ਵਿਚਾਰ ਤੇ ਕਮਾਈ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।**

ਚੀਨੈ ਗਿਆਨੁ ਧਿਆਨੁ ਧਨੁ ਸਾਚੌ **ਏਕ ਸਬਦਿ ਲਿਵ ਲਾਵੈ।।** (ਪੰਨਾ-੧੩੩੨)

ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ।। (ਪੰਨਾ-੧੦੬੫)

ਅਨੁਭਵੀ ਗਿਆਨ ਦਾ ਅੰਤ੍ਰੀਵ ਤਜਰਬਾ ਨਾ ਹੋਣ ਕਾਰਣ, ਸਾਧਾਰਣ ਇਨਸਾਨ ਸੰਸਾਰਕ ਤੇ ਧਾਰਮਿਕ ਪੱਖ ਤੋਂ ਦੂਰਦ੍ਰਿਸ਼ਟੀ ਨਹੀਂ ਰੱਖਦਾ। ਉਹ ਜੀਵਨ ਦੇ ਹਰ ਮੋੜ ਤੇ ਗ਼ਲਤ ਕਦਮ ਪੁਟ ਕੇ, ਬਾਅਦ ਵਿਚ ਦੁਖਦਾਈ ਨਤੀਜੇ ਭੁਗਤਦਾ ਹੈ। ਸਤਿਗੁਰਾਂ ਦੀ ਬਾਣੀ ਵਿਚ ਦਰਸਾਈ ਜੀਵਨ ਸੇਧ, ਪਰਖੀ ਤੇ ਅਜ਼ਮਾਈ ਹੋਈ ਸਚਾਈ ਹੈ। ਇਸ ਲਈ, ਜਦੋਂ ਜਗਿਆਸੂ ਸਾਧ-ਸੰਗਤ ਵਿਚ ਮਨ-ਬਚ-ਕ੍ਰਮ ਕਰਕੇ **'ਸਬਦੁ' ਦੀ ਕਮਾਈ ਕਰਦਾ ਹੈ, ਤਾਂ ਦਿਬ-ਦ੍ਰਿਸ਼ਟੀ ਪ੍ਰਾਪਤ ਹੋ ਜਾਣ ਕਾਰਣ,** ਉਸਦੇ ਸੰਸਾਰਿਕ, ਸਾਮਾਜਿਕ, ਰਾਜਨੀਤਿਕ, ਧਾਰਮਿਕ ਤੇ ਘਰੇਲੂ ਕਰਮ-ਕ੍ਰਿਆ, ਸਾਰੇ ਸੰਸਾਰ ਲਈ **ਸੁਖਦਾਈ ਤੇ ਆਦਰਸ਼ਨੀਯ ਹੁੰਦੇ ਹਨ।**

ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ **ਗੁਰ ਸਬਦੀ ਮਨੁ ਧੀਰਾ।।** (ਪੰਨਾ-੧੧੦੭)

ਪਿਛਲੇ ਜਨਮ ਦੇ ਸੰਸਕਾਰਾਂ ਅਤੇ ਮੌਜੂਦਾ ਜ਼ਹਿਰੀਲੇ ਵਾਤਾਵਰਨ ਦੇ ਪ੍ਰਭਾਵ ਵਿਚ, ਇਨਸਾਨ ਆਪਣੀਆਂ ਨੀਵੀਆਂ ਰੁਚੀਆਂ ਦੀ ਪੂਰਤੀ ਲਈ ਮਲੀਨ ਕਿਸਮ ਦੀ ਸੰਗਤ, ਮਨੋਰੰਜਨ ਸਾਹਿਤ ਆਦਿ ਵਿਚ **ਸੁਤੇ ਸਿਧ ਪਰਵਿਰਤ ਰਹਿੰਦਾ ਹੈ।** ਪਰ ਜਦੋਂ ਗੁਰੂ ਕਿਰਪਾ ਸਦਕਾ, ਜਗਿਆਸੂ ਸਾਧ-ਸੰਗਤ ਵਿਚ **'ਸਬਦੁ' ਦਾ ਰਸ ਅਤੇ ਮਿਠਾਸ**

ਚਖਦਾ ਹੈ, ਤਾਂ ਉਹ ਸੁਤੇ-ਸਿਧ ਅਤੇ ਸਹਿਜੇ ਹੀ ਨੀਵੀਂ ਕਿਸਮ ਦੀ ਮਨੁੱਖੀ, ਕਿਤਾਬੀ ਤੇ ਖ਼ਿਆਲੀ ਸੰਗਤ ਤੋਂ ਅਲਿਪਤ ਰਹਿ ਕੇ, **ਦੈਵੀ-ਮੰਡਲ ਅੰਦਰ ਵਿਚਰਨ ਦੀ ਜੁਗਤ ਸਿਖ ਲੈਂਦਾ ਹੈ।**

ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ।। (ਪੰਨਾ-੧੦੬੧)

ਅਸਲ ਵਿਚ, ਗਿਆਨ ਤੇ ਕਰਮ ਇੰਦ੍ਰੇ ਸਾਡੇ **ਵਿਕਾਰੀ ਮਨ ਦੇ ਹਥਿਆਰ ਹਨ।** ਇਸ ਲਈ ਅਚਨਚੇਤ ਹੀ ਸਾਡੇ ਕੋਲੋਂ ਅਨੇਕਾਂ ਮਾਨਸਿਕ ਅਤੇ ਸਰੀਰਕ ਪਾਪ ਹੁੰਦੇ ਰਹਿੰਦੇ ਹਨ। **ਪਰ 'ਸਬਦੁ' ਦੀ ਕਮਾਈ ਕਰਨ ਨਾਲ ਜੀਵਨ 'ਆਤਮ-ਪ੍ਰਾਇਣ' ਹੋ ਜਾਂਦਾ ਹੈ** ਅਤੇ ਪਿਛਲੇ ਤੇ ਇਸ ਜਨਮ ਦੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ।

ਸਾਚ ਸਬਦੁ ਹਿਰਦੇ ਮਨ ਮਾਹਿ।।
ਜਨਮ ਜਨਮ ਕੇ ਕਿਲਵਿਖ ਜਾਹਿ।। (ਪੰਨਾ-੧੧੪੩)

ਗੁਰ ਕਾ ਸਬਦੁ ਕਾਟੈ ਕੋਟਿ ਕਰਮ।। (ਪੰਨਾ-੧੧੯੫)

ਗੁਰਬਾਣੀ ਦੀ ਪੰਗਤੀ —
ਮਾਇਆ ਬਿਆਪਤ ਬਹੁ ਪਰਕਾਰੀ।। (ਪੰਨਾ-੧੮੨)

ਅਨੁਸਾਰ, ਅਨੇਕਾਂ ਰੰਗਾਂ ਵਾਲੀ ਮੋਹਣੀ ਮਾਇਆ, ਮਨੁਖੀ ਮਨ ਨੂੰ ਪ੍ਰਭਾਵਿਤ ਕਰਕੇ, ਇਸ ਅੰਦਰ ਆਸਾ ਤੇ ਤ੍ਰਿਸ਼ਨਾ ਦੀ ਅੱਗ ਵਧਾਉਂਦੀ ਰਹਿੰਦੀ ਹੈ, ਜਿਸ ਕਰਕੇ ਆਪਣੀਆਂ ਇਛਾਵਾਂ ਨੂੰ ਪੂਰੀਆਂ ਕਰਨ ਲਈ ਜੀਵ ਅੰਦਰ **'ਮਾਨਸਿਕ ਤਨਾਉ'** (mental tension) ਵੀ ਵਧਦਾ ਜਾਂਦਾ ਹੈ। ਇਸ ਭਿਆਨਕ **'ਘੁੰਮਨ-ਘੇਰ' ਜਾਂ 'ਅਗਨ-ਸੋਕ-ਸਾਗਰ' ਵਿਚੋਂ, ਕੇਵਲ 'ਸਬਦੁ' ਦੀ ਕਮਾਈ ਦੁਆਰਾ ਹੀ ਨਿਕਲਿਆ ਜਾ ਸਕਦਾ** ਹੈ। ਗੁਰ-ਸਬਦ ਦਾ ਬਾਰੰਬਾਰ ਅਭਿਆਸ ਹੀ ਵਿਚਿਤ੍ਰ, ਰੰਗ-ਬਰੰਗੀ, **ਮਾਇਕੀ ਭੁੱਖ ਨੂੰ 'ਸ਼ਾਂਤ' ਕਰ ਸਕਦਾ ਹੈ।**

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ।।
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ।। (ਪੰਨਾ-੧੦੬੭)

ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ **ਸਬਦੁ ਚੀਨਿ ਸੁਖੁ ਹੋਈ ਹੇ।।** (ਪੰਨਾ-੧੦੪੫)

ਗੁਰ ਕਾ ਸਬਦੁ ਅੰਮ੍ਰਿਤੁ ਹੈ **ਸਭ ਤ੍ਰਿਸਨਾ ਭੁਖ ਗਵਾਏ।।** (ਪੰਨਾ-੮੫੦)

'ਅਧਿਆਤਮਕ ਬਿਸਮਾਦ' ਤ੍ਰੈਗੁਣੀ ਮਾਇਕੀ ਮੰਡਲ ਤੋਂ ਪਰੇ ਦੀ ਖੇਡ ਹੈ। ਇਸ ਲਈ ਤ੍ਰੈਗੁਣੀ ਮਾਇਕੀ ਮੰਡਲ ਅੰਦਰ ਵਿਚਰਨ ਵਾਲੇ ਦਾਰਸ਼ਨਿਕ, ਲਿਖਾਰੀ, ਕਵੀ ਤੇ ਕਲਾਕਾਰ ਆਦਿ, ਆਪਣੀਆਂ ਰਚਨਾਵਾਂ ਵਿਚ **'ਰੱਬੀ-ਬਿਸਮਾਦ' ਦੀ ਅਨੁਭਵਤਾ ਨਹੀਂ ਕਰਾ**

ਸਕਦੇ। 'ਰੱਬੀ ਤੇ ਅਨੰਦੀ ਬਿਸਮਾਦ' ਦੀ ਅਨੁਭਵਤਾ, ਕੇਵਲ 'ਸਬਦੁ' ਦੁਆਰਾ ਹੀ ਹੋ ਸਕਦੀ ਹੈ।

ਉਤਭੁਜੁ ਚਲਤੁ ਕੀਆ ਸਿਰਿ ਕਰਤੈ **ਬਿਸਮਾਦੁ ਸਬਦਿ ਦੇਖਾਇਦਾ।।** (ਪੰ-੧੦੩੭)

ਤਾ ਕਾ ਅੰਤੁ ਨ ਜਾਣੈ ਕੋਈ।। ਪੂਰੇ ਗੁਰ ਤੇ ਸੋਝੀ ਹੋਈ।।
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।। (ਪੰਨਾ-੧੦੩੬)

ਧਰਮ ਧਾਰਨ ਕਰਕੇ ਆਪਣੀ ਆਤਮਿਕ ਤਰੱਕੀ ਲਈ ਜਗਿਆਸੂ ਅਨੇਕਾਂ ਸਾਧਨਾਵਾਂ ਜਿਹਾ ਕਿ ਜਪ, ਤਪ, ਤੀਰਥ, ਕਰਮ-ਕਾਂਡ, ਸੰਜਮ ਆਦਿ ਅਪਨਾਉਂਦਾ ਹੈ। ਪਰ ਇਹਨਾਂ ਸਭ ਲੰਬੀਆਂ ਤੇ ਕਠਨ ਸਾਧਨਾਵਾਂ ਦੁਆਰਾ ਵੀ ਉਸ ਦੀ ਕੋਈ ਰੂਹਾਨੀ ਤਰੱਕੀ ਨਹੀਂ ਹੁੰਦੀ। ਇਸ ਲਈ ਸਤਿਗੁਰਾਂ ਨੇ ਜਗਿਆਸੂ ਦੀ ਅਧਿਆਤਮਿਕ ਤਰੱਕੀ ਲਈ **'ਸਬਦੁ' ਦੀ ਕਮਾਈ, ਨੂੰ ਸਭ ਤੋਂ ਉਤਮ ਜਪ, ਤਪ, ਤੀਰਥ, ਸੰਜਮ ਆਦਿ ਦਸਿਆ ਹੈ।**

ਅੰਤਰਿ ਜਪੁ ਤਪੁ ਸੰਜਮੋ **ਗੁਰ ਸਬਦੀ ਜਾਪੈ।।** (ਪੰਨਾ-੧੦੯੨)

ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ।। (ਪੰ-੧੩੩੨)

ਗੁਰਬਾਣੀ ਦੀ ਪੰਗਤੀ — 'ਗੁਰ ਕੈ ਸਬਦਿ ਰਹਿਆ ਭਰਪੂਰੇ' ਅਨੁਸਾਰ ਪ੍ਰਭੂ, 'ਸਬਦ' ਦੁਆਰਾ ਸਾਡੇ ਹਿਰਦੇ ਤੇ ਸਾਰੀ ਕਾਇਨਾਤ ਵਿਚ ਵਿਆਪਕ ਹੈ ਅਤੇ **'ਸਬਦ' ਦੀ ਕਮਾਈ ਦੁਆਰਾ ਹੀ ਉਸ ਦੀ ਹੋਂਦ ਅਥਵਾ ਨੇੜਤਾ ਜਾਂ ਸਮੀਪਤਾ ਮਹਿਸੂਸ ਕੀਤੀ ਜਾ ਸਕਦੀ ਹੈ।**

ਸਦ ਹੀ ਨੇੜੈ ਦੂਰਿ ਨ ਜਾਣਹੁ।।
ਗੁਰ ਕੈ ਸਬਦਿ ਨਜੀਕਿ ਪਛਾਣਹੁ।। (ਪੰਨਾ-੧੦੬੯)

ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ।। (ਪੰਨਾ-੫੯੭)

ਸਾਹਿਬੁ ਮੇਰਾ ਸਦਾ ਹੈ **ਦਿਸੈ ਸਬਦੁ ਕਮਾਇ।।** (ਪੰਨਾ-੫੦੯)

ਸਦਾ ਹਜੂਰਿ ਦੂਰਿ ਨ ਜਾਣਹੁ।।
ਗੁਰ ਸਬਦੀ ਹਰਿ ਅੰਤਰਿ ਪਛਾਣਹੁ।। (ਪੰਨਾ-੧੧੬)

ਅਜੋਕੇ ਪਦਾਰਥਕ ਗਿਆਨ ਵਿਗਿਆਨ ਤੇ ਫ਼ਿਲੌਸਫ਼ੀਆਂ ਦੁਆਰਾ, ਮਨੁੱਖ ਦਾ ਜੀਵਨ ਸ਼ਾਂਤ-ਪੂਰਵਕ ਤੇ ਸਦਾਚਾਰਕ **ਬਣਨ ਦੀ ਬਜਾਏ,** ਸਗੋਂ ਹੋਰ ਵੀ ਨੀਵਾਂ ਤੇ ਮਲੀਨ ਹੋ ਰਿਹਾ ਹੈ। **'ਪ੍ਰਕਾਸ਼-ਰੂਪ' 'ਸਬਦੁ' ਦੀ ਕਮਾਈ ਨਾਲ** ਜਗਿਆਸੂ ਦੇ ਅੰਤਿਸ਼ਕਰਨ ਵਿਚ **'ਅਨੁਭਵੀ ਗਿਆਨ' ਦੀ ਹਨੇਰੀ ਆਉਂਦੀ ਹੈ,** ਜਿਸ ਨਾਲ

ਭਰਮ, ਵਹਿਮ, **ਸਹਸਾ ਤੇ ਦੁਬਿਧਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਜੀਵਨ ਨਿਰਮਲ ਬਣ ਜਾਂਦਾ ਹੈ,** ਇਸ ਤਰ੍ਹਾਂ **ਸਾਰੇ ਪਾਸੇ ਪ੍ਰਮਾਤਮਾ ਦੇ ਹਾਜ਼ਰਾ-ਹਜ਼ੂਰ ਤੇ ਜ਼ਾਹਰਾ-ਜ਼ਹੂਰ 'ਦਰਸ਼ਨ' ਹੁੰਦੇ ਹਨ।**

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ।।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।। (ਪੰਨਾ-੩੩੧)

ਸਬਦੁ ਦੀਪਕੁ ਵਰਤੈ ਤਿਹੁ ਲੋਇ।। (ਪੰਨਾ-੬੬੪)

ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ।। (ਪੰਨਾ-੭੫੨)

ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ।। (ਪੰਨਾ-੭੫੩)

ਸਤਿਗੁਰ ਸਬਦਿ ਉਜਾਰੋ ਦੀਪਾ।।
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ।। (ਪੰਨਾ-੮੨੧)

ਅਸਲੀ ਸੋਨੇ ਦੀ ਪਹਿਚਾਣ ਕਰਨ ਲਈ, ਸੋਨੇ ਦੇ ਸਾਰੇ ਲੱਛਣ ਜਾਂ ਗੁਣਾਂ ਦੀ ਜਾਣਕਾਰੀ ਦਾ ਹੋਣਾ ਲਾਜ਼ਮੀ ਹੈ। ਠੀਕ ਇਸੇ ਤਰ੍ਹਾਂ —

"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ।।" (ਪੰਨਾ-੯੩੦)

ਅਨੁਸਾਰ, **ਗੁਰੂ-ਸਬਦੁ ਦੇ ਪ੍ਰਕਾਸ਼ ਦੁਆਰਾ ਹੀ ਇਕ-ਪ੍ਰਭੂ ਨੂੰ ਬੁਝਿਆ ਚੀਨਿਆ ਪਹਿਚਾਨਿਆ ਜਾ ਸਕਦਾ ਹੈ। 'ਸਬਦੁ' ਦੀ ਸੋਝੀ ਜਾਂ ਕਮਾਈ ਤੋਂ ਬਗੈਰ** ਇਨਸਾਨ ਮੂਲ ਪ੍ਰਮਾਤਮਾ ਦੀ ਪ੍ਰੇਮਾ ਭਗਤੀ ਛਡ ਕੇ, ਅਨੇਕਾਂ ਦੇਵੀ ਦੇਵਤਿਆਂ ਜਾਂ ਅਵਤਾਰਾਂ ਦੀ ਉਪਾਸ਼ਨਾ ਵਿਚ ਹੀ ਭਟਕਦਾ ਰਹਿੰਦਾ ਹੈ।

ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ।। (ਪੰਨਾ-੧੨੮੫)

ਏਕੋ ਸਬਦੁ ਸਚਾ ਨੀਸਾਣੁ।। ਪੂਰੇ ਗੁਰ ਤੇ ਜਾਣੈ ਜਾਣੁ।। (ਪੰਨਾ-੧੧੮੮)

ਤੇਰੇ ਦਰਸਨ ਕਉ ਕੇਤੀ ਬਿਲਲਾਇ।।
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ।। (ਪੰਨਾ-੧੧੮੮)

ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ।। (ਪੰਨਾ-੬੮੮)

ਪ੍ਰਭੂ ਇਕ ਹੈ, ਪਰ ਤ੍ਰੈ-ਗੁਣੀ ਮਾਇਕੀ ਮੰਡਲ ਵਿਚ ਹਰ ਇਕ ਸ਼ੈ ਜਾਂ ਚੀਜ਼ ਦੀ ਜੋੜੀ (pair) ਹੈ, ਜਿਵੇਂ ਕਿ — ਦੁਖ-ਸੁਖ, ਤੂੰ-ਮੈਂ, ਉਚਾ-ਨੀਵਾਂ, ਚੰਗਾ-ਮਾੜਾ ਆਦਿ। ਹਉਮੈ ਅਧੀਨ ਜਨਮਾਂ-ਜਨਮਾਂਤਰਾਂ ਤੋਂ ਤ੍ਰੈਗੁਣੀ ਮਾਇਆ ਵਿਚ ਖਚਤ ਰਹਿਣ ਕਰਕੇ, ਮਨੁਖ ਦੀ ਹਰ ਸੋਚਣੀ, ਭਾਵਨਾ, ਕਰਮ 'ਦੂਜੇ-ਭਾਉ' ਵਿਚ ਹੁੰਦਾ ਹੈ। ਇਸ 'ਦੂਜੇ-ਭਾਉ'

ਜਾਂ 'ਦੂਜੈ-ਦੋਇ' ਦੇ ਭਰਮ ਨੂੰ ਕੇਵਲ ਸਤਿਗੁਰਾਂ ਦਾ 'ਸਹਜ-ਅਨੰਦੀ' **'ਏਕ-ਸਬਦੁ' ਹੀ ਦੂਰ ਕਰ ਸਕਦਾ ਹੈ।**

ਦੂਜਾ ਭਾਉ ਗੁਰ ਸਬਦਿ ਜਲਾਇਆ।। (ਪੰਨਾ-੧੨੯)

ਜਹ ਦੇਖਾ ਤਹ ਏਕੋ ਸੋਈ।। **ਦੂਜੀ ਦੁਰਮਤਿ ਸਬਦੇ ਖੋਈ।।** (ਪੰਨਾ-੧੦੫੧)

ਅਨਦਿਨੁ ਭਗਤਿ ਕਰਹਿ ਦਿਨ ਰਾਤੀ **ਦੁਬਿਧਾ ਸਬਦੇ ਖੋਈ।।** (ਪੰਨਾ-੧੧੩੩)

ਸਥੂਲ ਸਰੀਰਕ ਤੇ ਸੂਖਮ ਮਾਨਸਿਕ ਸੇਵਾ ਦੋਨੋਂ ਪਰਮਾਰਥ ਦੇ ਮੁਖ ਅੰਗ ਗਿਣੇ ਜਾਂਦੇ ਹਨ। ਮਨ ਦੇ ਫੁਰਨੇ, ਵਲਵਲੇ ਤੇ ਇਛਾਵਾਂ ਸਾਕਾਰ ਕਰਨ ਲਈ, ਸਰੀਰ, ਮਨ ਦਾ ਇਕ ਹਥਿਆਰ ਹੀ ਹੈ। ਸਰੀਰਕ ਸੇਵਾ ਦੀ ਬੁਨਿਆਦ, ਅਗਵਾਈ ਤੇ ਉਤਸ਼ਾਹ ਭੀ ਮਨ ਵਿਚੋਂ ਹੀ ਪੈਦਾ ਹੁੰਦਾ ਹੈ। ਮਨ, ਵਿਚ ਨਿਸ਼ਕਾਮ ਅਤੇ **ਪਰਉਪਕਾਰੀ ਸੇਵਾ ਦਾ ਚਾਉ 'ਸਬਦੁ' ਦੀ ਕਮਾਈ ਦੁਆਰਾ ਹੀ ਉਪਜਦਾ ਹੈ।** ਦੂਜੇ ਲਫ਼ਜ਼ਾਂ ਵਿਚ, ਸਬਦ ਦੀ **ਅਨੁਭਵੀ ਵਿਚਾਰ ਤੇ ਕਮਾਈ ਦੁਆਰਾ ਹੀ ਸਚੀ ਸੇਵਾ ਹੁੰਦੀ ਹੈ।**

ਗੁਰ ਕੀ ਸੇਵਾ ਸਬਦੁ ਵੀਚਾਰੁ।। (ਪੰਨਾ-੨੨੩)

ਸਾਹਿਬੁ ਸੇਵਨਿ੍ ਆਪਣਾ **ਪੂਰੈ ਸਬਦੁ ਵੀਚਾਰਿ।।** (ਪੰਨਾ-੫੧੨)

ਸਬਦੁ ਵੀਚਾਰਿ ਗਹਹਿ ਗੁਰ ਸੇਵਾ।। (ਪੰਨਾ-੯੦੬)

ਸਤਿਗੁਰ ਸੇਵੀ ਸਬਦਿ ਸਾਲਾਹੀ।। (ਪੰਨਾ-੧੦੪੮)

ਪੂਰਬਲੇ ਸੰਸਕਾਰਾਂ ਦੇ ਰੋੜ੍ਹ ਵਿਚ ਜੀਵ ਦਾ 'ਮਨ' (lower conscious) ਹਮੇਸ਼ਾ ਬੜੀ ਤੇਜ਼ ਰਫ਼ਤਾਰ ਨਾਲ ਅਨੇਕਾਂ ਦਿਸ਼ਾਵਾਂ ਵੱਲ ਭਟਕਦਾ ਰਹਿੰਦਾ ਹੈ। ਸਾਰੀਆਂ ਧਾਰਮਿਕ ਸਾਧਨਾਵਾਂ ਦਾ ਮੁਖ ਮੰਤਵ 'ਮਨ' ਨੂੰ ਘੜਨਾ ਹੀ ਹੈ। ਜਪ, ਤਪ, ਹਠ ਅਤੇ ਹੋਰ ਅਨੇਕਾਂ ਮੁਸ਼ਕਲ ਸਰੀਰਕ ਤੇ ਮਾਨਸਿਕ ਕਰਮ ਕਾਂਡਾਂ ਦੁਆਰਾ ਮਨ ਦਾ ਭੇਦ ਨਹੀਂ ਲਭਦਾ। ਜੀਵ ਦੇ ਮਨ ਦੀ ਭਟਕਣਾ, ਵਿਕਾਰੀ ਹਾਲਤ ਅਤੇ ਇਸ ਦੇ ਹੋਰ ਅਨੇਕਾਂ ਸੂਖਮ ਭੇਦ, ਕੇਵਲ 'ਸਬਦੁ' ਦੁਆਰਾ ਹੀ ਸਮਝੇ ਤੇ ਬੁਝੇ ਜਾ ਸਕਦੇ ਹਨ।

ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ।। (ਪੰਨਾ-੫੪੮)

ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ।। (ਪੰਨਾ-੧੩੪੬)

ਵਾਹਿਗੁਰੂ ਦੀ ਹਸਤੀ ਅਤੇ ਉਸ ਦੀ ਰਚਨਾ ਮਨ, ਬੁਧੀ, ਦੇਸ਼, ਕਾਲ, ਅੱਖਰ ਆਦਿ ਤੋਂ ਪਰੇ ਹੈ, ਇਸ ਲਈ —

ਸੁਣਿ ਵਡਾ ਆਖੈ ਸਭੁ ਕੋਇ।। ਕੇਵਡੁ ਵਡਾ ਡੀਠਾ ਹੋਇ।। (ਪੰਨਾ-੯)

ਅਨੁਸਾਰ, ਉਸ ਬੇਅੰਤ ਪ੍ਰਭੂ ਦੀ ਸਿਫ਼ਤਿ ਸਾਲਾਹ ਨੂੰ ਓਹੀ ਬਿਆਨ ਕਰ ਸਕਦਾ ਹੈ ਜਿਸ

ਨੂੰ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੋਵੇ। ਇਸ ਲਈ, ਗੁਰ-ਸਬਦ ਦੁਆਰਾ ਹੀ ਪ੍ਰਭੂ ਦੀ ਅਸਚਰਜ ਸਿਫ਼ਤਿ-ਸਾਲਾਹ ਦਾ ਅਨੰਦ ਮਾਣਿਆ ਜਾ ਸਕਦਾ ਹੈ।

ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ।। (ਪੰਨਾ-੫੯੩)

ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ।। (ਪੰਨਾ-੭੯੧)

ਗੁਰਮੁਖਿ ਨਾਮਿ ਸਬਦਿ ਸਾਲਾਹੇ।। (ਪੰਨਾ-੧੦੫੫)

ਸੱਚੇ ਮਾਲਕ ਦੀ ਵਡਿਆਈ ਸੱਚੀ ਹੈ ਅਤੇ ਉਸ ਦੀ ਬੋਲੀ ਅਥਾਹ 'ਪ੍ਰੇਮ' ਵਾਲੀ ਹੈ। ਇਸ ਲਈ ਬਿਸਮਾਦੀ ਸਿਫ਼ਤਿ ਅਤੇ ਰੱਬੀ ਪ੍ਰੇਮ ਦੀ ਬੋਲੀ ਬੋਲ ਕੇ ਹੀ ਅਸੀਂ ਪ੍ਰਭੂ ਦੀ ਭਗਤੀ ਕਰ ਸਕਦੇ ਹਾਂ। ਪਰ, 'ਬਿਸਮਾਦੀ ਸਿਫ਼ਤਿ' ਅਤੇ 'ਰੱਬੀ-ਪ੍ਰੇਮ' ਦਾ ਆਨੰਦ ਅਸੀਂ ਖ਼ੁਦ-ਬਖ਼ੁਦ ਨਹੀਂ ਮਾਣ ਸਕਦੇ। ਇਸ **ਬੇਅੰਤ ਪ੍ਰੇਮ ਵਾਲੀ ਬੋਲੀ ਦਾ ਰਸ ਤੇ ਸਵਾਦ ਮਾਨਣ ਲਈ ਹੀ ਸਤਿਗੁਰਾਂ ਨੇ ਮਿਹਰ ਕਰਕੇ 'ਧੁਰ ਕੀ ਬਾਣੀ' ਜਾਂ 'ਸਬਦੁ' ਰੂਪੀ ਅਮੁਕ ਭਗਤੀ-ਭੰਡਾਰ ਬਖਸ਼ਿਸ਼ ਕੀਤਾ ਹੈ।**

ਗੁਰ ਕੈ ਸਬਦਿ ਸਦਾ ਹਰਿ ਧਿਆਏ
ਏਹਾ ਭਗਤਿ ਹਰਿ ਭਾਵਣਿਆ।। (ਪੰਨਾ-੧੨੨)

ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ **ਸਬਦੇ ਭਗਤਿ ਕਰਾਵਣਿਆ।।**
(ਪੰਨਾ-੧੨੫)

ਸਚੀ ਭਗਤਿ ਗੁਰ ਸਬਦ ਪਿਆਰਿ।। (ਪੰਨਾ-੧੫੯)

ਅਨਦਿਨੁ ਭਗਤਿ ਗੁਰ ਸਬਦੀ ਹੋਇ।।
ਗੁਰਮਤਿ ਵਿਰਲਾ ਬੂਝੈ ਕੋਇ।। (ਪੰਨਾ-੧੬੧)

ਜੀਵ ਨੂੰ ਦੁਰਲਭ ਤੇ ਅਮੋਲਕ ਜੀਵਨ — ਸੇਵਾ, ਸਿਮਰਨ ਤੇ ਦੈਵੀ ਗੁਣਾਂ ਦਾ ਵਣਜ-ਵਪਾਰ ਕਰਨ ਲਈ ਬਖਸ਼ਿਆ ਗਿਆ ਸੀ। ਪਰ ਅਨੇਕਾਂ ਨੀਵੀਆਂ ਰੁਚੀਆਂ ਅਤੇ ਅਗਿਆਨਤਾ ਕਾਰਣ, ਮਨੁੱਖ ਦਾ ਸਾਰਾ 'ਹੀਰੇ ਜੈਸਾ ਜਨਮ', ਮਾਇਕੀ-ਬਿਸਮਾਦ ਵਿਚ ਪਰਵਿਰਤ ਹੋ ਕੇ, 'ਕਉਡੀ ਬਦਲੇ' ਚਲਾ ਜਾਂਦਾ ਹੈ। **ਇਲਾਹੀ 'ਵਣਜ-ਵਪਾਰ' ਕੇਵਲ ਸਬਦੁ ਦੁਆਰਾ ਹੀ ਹੋ ਸਕਦਾ ਹੈ।**

ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ।। (ਪੰਨਾ-੧੪੧੪)

ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ।। (ਪੰਨਾ-੧੦੬੨)

ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ।। (ਪੰਨਾ-੧੦੫੯)

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ **ਗੁਰ ਸਬਦਿ ਕਰੇ ਵੀਚਾਰੁ।।** (ਪੰਨਾ-੬੩੬)

ਸਬਦ ਦੇ ਪਿਆਰ, ਸ਼ਰਧਾ ਤੇ ਅਨੁਭਵੀ ਵਿਚਾਰ ਦੁਆਰਾ, ਸਹਿਜੇ ਹੀ ਜਗਿਆਸੂ ਦਾ ਮਾਇਆ-ਮੋਹ ਸੜ ਜਾਂਦਾ ਹੈ।

ਹਉ ਵਾਰੀ ਜੀਉ ਵਾਰੀ ਮਾਇਆ **ਮੋਹੁ ਸਬਦਿ ਜਲਾਵਣਿਆ।।** (ਪੰਨਾ-੧੨੯)

ਮਾਇਆ ਮੋਹੁ ਬਿਨਸਿ ਜਾਇਗਾ ਉਬਰੇ ਸਬਦਿ ਵੀਚਾਰੀ।। (ਪੰਨਾ-੯੧੧)

ਮਾਇਆ ਅਗਨਿ ਜਲੈ ਸੰਸਾਰੇ।।
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ।। (ਪੰਨਾ-੧੦੪੯)

ਨਾਨਕ ਮਾਇਆ ਮੋਹੁ ਸਬਦਿ ਜਲਾਇ।। (ਪੰਨਾ-੧੧੭੬)

ਚਲਦਾ .....

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

Website : www.brahmbungadodra.org
E-mail : info@brahmbungadodra.org

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

❖ **ਸ਼ਾਖਾ** ❖

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

❖ **ਪ੍ਰਕਾਸ਼ਕ** ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.HarjitPrintingPress.com S.C.F. 83, Phase 5, SAS Nagar (Mohali). Phones : +91-172-2226297, 5098297